# ਡਾਇਰੈਕਟਰ ਸਿੱਖਿਆ ਵਿਭਾਗ
# ਪੰਜਾਬ ਆਈ.ਸੀ.ਟੀ. ਐਜੂਕੇਸਨ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਅਜੀਤਗੜ੍ਹ, ਫੋਨ ਨੰ: 0172-5212305
ਈ-ਮੇਲ: dspdict@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: 2/5-ICT/2018-19/Misc/194183
ਮਿਤੀ :09-07-2019

ਵਿਸ਼ਾ: ਲਾਇਬ੍ਰੇਰੀ ਦੀਆਂ ਕਿਤਾਬਾਂ ਵਿਦਿਆਰਥੀਆਂ ਨੂੰ ਜਾਰੀ ਕਰਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆਂ ਜਾਂਦਾ ਹੈ ਕਿ ਇਸ ਦਫਤਰ ਦੇ ਮੀਮੋ ਨੰ: 2/5-ICT/2018-19/Misc/160581 ਮਿਤੀ 31-05-2019 ਅਤੇ ਮੀਮੋ ਨੰ: 2/5-ICT/2018-19/Misc/160571 ਮਿਤੀ 31-05-2019 ਰਾਹੀਂ ਲਾਇਬ੍ਰੇਰੀਅਨਜ਼ ਅਤੇ ਸਕੂਲ ਮੁੱਖੀਆਂ ਨੂੰ ਲਾਇਬ੍ਰੇਰੀ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆ ਸਨ।

2. ਪਰ ਵੇਖਣ ਵਿੱਚ ਆਇਆ ਹੈ ਕਿ ਹਾਲੇ ਵੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਵਿਦਿਆਰਥੀਆਂ ਨੂੰ ਕਿਤਾਬਾਂ ਜਾਰੀ ਕੀਤੀਆਂ ਜਾ ਰਹੀਆਂ ਹਨ।

3. ਇਸ ਲਈ ਸਕੂਲ ਮੁੱਖੀਆਂ ਨੂੰ ਮੁੜ ਲਿਖਿਆਂ ਜਾਂਦਾ ਹੈ ਕਿ ਉਹ ਯਕੀਨੀ ਬਣਾਉਣ ਕਿ ਖਾਲੀ ਪੀਰਿਅਡ ਦੀ Adjustment ਇਸ ਤਰ੍ਹਾਂ ਕੀਤੀ ਜਾਵੇ ਕਿ ਰੋਟੇਸ਼ਨ ਵਾਈਜ਼ ਹਰ ਜਮਾਤ ਨੂੰ ਲਾਇਬ੍ਰੇਰੀ ਜਾਣ ਦਾ ਮੌਕਾ ਮਿਲੇ।

4. ਹਰ ਵਿਦਿਆਰਥੀ ਨੂੰ ਹਰ ਮਹੀਨੇ ਵਿੱਚ ਘੱਟੋ-ਘੱਟ 2 ਕਿਤਾਬਾਂ ਪੜ੍ਹਨ ਦੇ ਲਈ ਜਾਰੀ ਕੀਤੀਆਂ ਜਾਣ।

5. ਵਿਦਿਆਰਥੀਆਂ ਦੁਆਰਾ ਪੜ੍ਹੀ ਗਈ ਕਿਤਾਬ ਬਾਰੇ ਉਸਦੇ ਵਿਚਾਰ ਸਵੇਰ ਦੀ ਸਭਾ ਵਿੱਚ ਸਾਂਝੇ ਕੀਤੇ ਜਾਣ, ਅਤੇ ਵਿਦਿਆਰਥੀ ਜਿਹੜੀ Book ਜਾਂ ਹੋਰ ਕੋਈ Material ਪੜ੍ਹਦਾ ਹੈ, ਉਸਨੂੰ ਉਸਦੀ Summary ਬਨਾਉਣ ਲਈ ਕਿਹਾ ਜਾਵੇ, ਲਾਇਬ੍ਰੇਰੀ ਕਿਤਾਬਾਂ ਤੇ ਅਧਾਰਤ ਲੇਖ ਮੁਕਾਬਲੇ ਆਦਿ ਕਰਵਾਏ ਜਾਣ।

6. ਵਿਭਾਗ ਦੁਆਰਾ ਜਾਰੀ ਲਾਇਬ੍ਰੇਰੀ ਪੋਰਟਲ ਤੇ ਲਾਇਬ੍ਰੇਰੀ ਦੀਆਂ ਕਿਤਾਬਾਂ 20 ਜੁਲਾਈ ਤੱਕ Upload ਕਰ ਦਿੱਤੀਆਂ ਜਾਣ, ਤਾਂ ਜੋ Library App ਰਾਹੀਂ ਕਿਤਾਬਾਂ ਜਾਰੀ ਕੀਤੀਆਂ ਜਾ ਸਕਣ।

7. ਸਕੂਲ ਮੁੱਖੀ ਅਤੇ ਹਰੇਕ ਅਧਿਆਪਕ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ),
ਪੰਜਾਬ।